## ਪ੍ਰੇਰਕ ਦੀ ਕਲਮ ਤੋਂ:

ਜੈਨ ਧਰਮ ਭਾਰਤ ਦਾ ਪ੍ਰਾਚੀਨ ਧਰਮ ਹੈ। ਭਗਵਾਨ ਰਿਸ਼ਭ ਦੇਵ ਤੋਂ ਭਗਵਾਨ ਮਹਾਵੀਰ ਤੱਕ 24 ਤੀਰਥੰਕਰਾਂ ਦੀ ਇਕ ਲੰਬੀ ਪ੍ਰੰਪਰਾ ਇਸ ਧਰਮ ਵਿੱਚ ਮਿਲਦੀ ਹੈ। ਜਿਨ੍ਹਾ ਭਿੰਨ ਭਿੰਨ ਸਮੇਂ ਵਿੱਚ ਜੈਨ ਧਰਮ ਨੂੰ ਪੁਨਰ ਸਥਾਪਤ ਕੀਤਾ। ਭਗਵਾਨ ਮਹਾਵੀਰ ਵਾਰੇ ਭਿੰਨ ਭਿੰਨ ਭਾਸ਼ਾਵਾਂ ਵਿੱਚ ਕਾਫੀ ਸਾਹਿਤ ਪੁਰਾਣੇ ਸਮੇਂ ਤੋਂ ਲਿਖਿਆ ਗਿਆ ਅਤੇ ਵਰਤਮਾਨ ਵਿੱਚ ਲਿਖਿਆ ਜਾ ਰਿਹਾ ਹੈ।

ਮੇਰੇ ਗੁਰੂ ਦੇਵ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰਿਆ ਧਿਆਨ ਯੋਗੀ ਡਾ: ਸ਼ਿਵ ਮੁਨੀ ਜੀ ਮਹਾਰਾਜ ਇਕ ਮਹਾਨ ਵਿਦਵਾਨ ਹਨ। ਉਹਨਾਂ ਜੈਨ ਆਗਮਾਂ ਦਾ ਭਾਰਤੀ ਅਤੇ ਵਿਦੇਸ਼ੀ ਧਰਮਾਂ ਨਾਲ ਤੁਲਨਾਤਮਕ ਅਧਿਐਨ ਕੀਤਾ ਹੈ। ਸਿੱਟੇ ਵਜੋਂ ਉਹਨਾਂ ਅੰਗਰੇਜੀ ਭਾਸ਼ਾ ਵਿੱਚ 9 ਅਤੇ ਹਿੰਦੀ ਭਾਸ਼ਾ ਵਿੱਚ 35 ਕਿਤਾਬਾਂ ਲਿਖਿਆ ਹਨ। ਉਹਨਾਂ ਦੇ ਸਾਹਿਤ ਦਾ ਅਜੇ ਤੱਕ ਪੰਜਾਬ ਦੀ ਲੋਕ ਭਾਸ਼ਾ ਪੰਜਾਬੀ ਵਿੱਚ ਕੋਈ ਅਨੁਵਾਦ ਨਹੀਂ ਛਪਿਆ ਸੀ। ਅਸੀਂ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਇਸ ਕਮੀ ਨੂੰ ਅਸੀਂ ਕਾਫੀ ਮਹਿਸੂਸ ਕੀਤਾ। ਸਾਨੂੰ ਜਾਪਿਆ ਕਿ ਪੰਜਾਬ ਵਿੱਚ ਆਮ ਲੋਕ ਜੈਨ ਧਰਮ ਤੇ ਮਹਾਵੀਰ ਬਾਰੇ ਬਹੁਤ ਹੀ ਘੱਟ ਅਤੇ ਸੀਮਿਤ ਜਾਣਕਾਰੀ ਰੱਖਦੇ ਹਨ।

ਸਾਡੀ ਇਸ ਜ਼ਰੂਰਤ ਨੂੰ ਗੁਰੂ ਦੇਵ ਦੇ ਉਪਾਸ਼ਕ ਸ਼੍ਰੀ ਰਵਿੰਦਰ ਜੈਨ ਤੇ ਸ਼੍ਰੀ ਪੁਰਸ਼ੋਤਮ ਜੈਨ ਨੇ ਪੂਰਾ ਕੀਤਾ। ਦੋਵੇਂ ਭਰਾ 1972 ਤੋਂ ਪੰਜਾਬੀ ਭਾਸ਼ਾ ਵਿੱਚ ਜੈਨ ਸਾਹਿਤ ਦਾ ਅਨੁਵਾਦ ਅਤੇ ਸੁਤੰਤਰ ਲੇਖਣ ਕਰਦੇ ਆ ਰਹੇ ਹਨ। ਉਹਨਾਂ ਅਪਣੀ ਗੁਰੂ ਭਗਤੀ ਦਾ ਪ੍ਰਮਾਣ ਇਸ ਪੁਸ਼ਤਕ ਦਾ ਅਨੁਵਾਦ ਕਰਕੇ ਦਿਤਾ ਹੈ।

ਮੈਂ ਅਨੁਵਾਦਕਾਂ ਨੂੰ ਸਾਧੂਵਾਦ ਦਿੰਦਾ ਹੋਇਆ ਆਸ ਕਰਦਾ ਹਾਂ ਕਿ ਪੰਜਾਬੀ ਪਾਠਕ ਇਸ ਪੁਸ਼ਤਕ ਦਾ ਸਵਾਗਤ ਕਰਨਗੇ ਅਤੇ ਇਸ ਤੋਂ ਵੱਧ ਤੋਂ ਵੱਧ ਫਾਇਦਾ ਲੈਣਗੇ।

ਇਹ ਅਨੁਵਾਦ ਮੈਂ ਅਪਣੇ ਗੁਰੂਦੇਵ ਜੈਨ ਆਚਾਰਿਆ ਡਾ: ਸ਼ਿਵ ਮੁਨੀ ਜੀ ਮਹਾਰਾਜ ਦੇ ਕਰ ਕਮਲਾਂ ਵਿੱਚ ਭੇਂਟ ਕਰਦਾ ਹਾਂ।

ਮਾਲੇਰਕੋਟਲਾ<br>23/10/2008

ਸ਼ਰੀਸ਼ ਮੁਨੀ<br>ਸ਼੍ਰਮਣ ਸੰਘ ਦੇ ਮੰਤਰੀ

ਅਨੁਵਾਦਕਾਂ ਵੱਲੋਂ ਬੇਨਤੀ:

ਜੈਨ ਆਚਾਰਿਆ ਡਾ: ਸ਼ਿਵ ਮੁਨੀ ਜੀ ਮਹਾਰਾਜ ਸਥਾਨਕ ਵਾਸੀ ਸ਼ਵਤਾਂਵਰ ਪ੍ਰੰਪਰਾ ਦੇ ਚੋਥੇ ਆਚਾਰਿਆ ਦੇ ਨਾਲ ਨਾਲ ਮਹਾਨ ਵਿਦਵਾਨ ਹਨ। ਆਪ ਦਾ ਜਨਮ 18 ਸਤੰਬਰ 1942 ਨੂੰ ਮਲੋਟ ਮੰਡੀ ਜ਼ਿਲ੍ਹਾ ਫਰੀਦਕੋਟ ਵਿਖੇ ਮਾਤਾ ਵਿਦਿਆ ਦੇਵੀ ਜੈਨ ਅਤੇ ਪਿਤਾ ਸ਼੍ਰੀ ਚਿਰੰਜੀ ਲਾਲ ਜੈਨ ਦੇ ਘਰ ਹੋਇਆ। ਬਚਪਨ ਤੋਂ ਹੀ ਆਪ ਨੂੰ ਸੰਸਾਰ ਨਾਲ ਕੋਈ ਮੋਹ ਨਹੀਂ ਸੀ। ਆਪ ਛੋਟੀ ਉਮਰ ਵਿੱਚ ਹੀ ਜੈਨ ਮੁਨੀਆਂ ਦੇ ਸੰਪਰਕ ਵਿੱਚ ਆ ਗਏ ਸਨ। ਘਰ ਵਿੱਚ ਰਹਿ ਕੇ ਆਪ ਨੇ ਡਬਲ ਐਮ. ਏ. ਕੀਤੀ ਅਤੇ ਫੇਰ ਡੂੰਘੇ ਵੈਰਾਗ ਕਾਰਨ 17 ਮਈ 1972 ਨੂੰ ਆਪ ਨੇ ਆਚਾਰਿਆ ਆਤਮਾਂ ਰਾਮ ਜੀ ਦੇ ਵਿਦਵਾਨ ਚੇਲੇ ਸ਼੍ਰਮਣ ਸੰਘ ਦੇ ਸਲਾਹਕਾਰ ਸ਼੍ਰੀ ਗਿਆਨ ਮੁਨੀ ਜੀ ਮਹਾਰਾਜ ਤੋਂ ਸਾਧੂ ਜੀਵਨ ਗ੍ਰਹਿਣ ਕੀਤਾ। ਦੀਖਿਆ ਤੋਂ ਬਾਅਦ ਆਪ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਆਪ ਨੇ ਡੀ. ਲੈਟ. ਦੀ ਡਿਗਰੀ ਵੀ ਪ੍ਰਾਪਤ ਕੀਤੀ ਹੈ। ਆਪ ਨੂੰ 2005 ਵਿੱਚ ਸਾਈ ਮਿਆ ਮੀਰ ਇੰਟਰਨੈਸ਼ਨਲ ਐਵਾਰਡ, ਮਹਾਤਮਾ ਗਾਂਧੀ ਸਰਵੀਸ ਐਵਾਰਡ 2006 ਮਿਲੀਆ। ਆਪ ਦੀ ਯੋਗਤਾ ਨੂੰ ਵੇਖਦੇ ਹੋਏ ਪੂਨਾ ਵਿਖੇ ਆਚਾਰਿਆ ਆਨੰਦ ਰਿਸ਼ਿ ਜੀ ਨੇ ਆਪ ਨੂੰ ਯੁਵਾ ਆਚਾਰਿਆ ਦਾ ਪਦ 1987 ਵਿੱਚ ਦਿੱਤਾ। 9 ਜੂਨ 1999 ਨੂੰ ਅਹਿਮਦ ਨਗਰ (ਮਹਾਰਾਸ਼ਟਰ) ਵਿਖੇ ਆਚਾਰਿਆ ਪਦ ਮਿਲਿਆ।

ਆਪ ਨਾਲ ਸਾਡਾ ਮੇਲ ਆਪ ਦੇ ਪਹਿਲੇ ਚੌਮਾਸੇ 1972 ਵਿੱਚ ਮਾਲੇਰਕੋਟਲਾ ਵਿਖੇ ਹੋਇਆ। ਉਸ ਦਿਨ ਤੋਂ ਲੈ ਕੇ ਅੱਜ ਤੱਕ ਆਪ ਦਾ ਆਸ਼ਿਰਵਾਦ ਸਾਡੇ ‘ਤੇ ਬਣਿਆ ਹੋਇਆ ਹੈ।

ਆਪ ਨੇ ਅਨੇਕਾਂ ਪੁਸ਼ਤਕਾਂ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖਿਆਂ। ਆਪ ਨੇ ਅਪਣੇ ਦਾਦਾ ਗੁਰੂ ਸ਼੍ਰਮਣ ਸੰਘ ਦੇ ਪਹਿਲੇ ਆਚਾਰਿਆ ਆਤਮਾਂ ਰਾਮ ਜੀ ਦੁਆਰਾ ਅਨੁਵਾਦ ਕੀਤੇ ਆਗਮਾ ਦਾ ਸੰਪਾਦਨ ਕਰਕੇ ਛੱਪਵਾਇਆ ਹੈ। ਆਪ ਨੇ ਆਚਾਰਿਆ ਸ਼੍ਰੀ ਆਤਮਾਂ ਰਾਮ ਦੀਆਂ ਪੁਸ਼ਤਕਾਂ ਨੂੰ ਨਵੇਂ ਸਿਰੇ ਤੋਂ ਸੰਪਾਦਨ ਕਰਕੇ ਪ੍ਰਕਾਸ਼ਤ ਕਰਵਇਆ ਹੈ। ਆਪ ਨੇ ਖੁਦ ਆਪ ਵੀ 35 ਪੁਸ਼ਤਕਾਂ ਹਿੰਦੀ ਵਿੱਚ ਅਤੇ 9 ਪੁਸ਼ਤਕਾਂ ਅੰਗਰੇਜ਼ੀ ਵਿੱਚ ਲਿਖਿਆਂ ਹਨ। ਆਪ ਖੁਦ ਵੀ ਬਾਕੀ ਰਹਿੰਦੇ ਆਗਮਾਂ ਦਾ ਸੰਪਾਦਨ ਕਰਕੇ ਪ੍ਰਕਾਸ਼ਤ

ਕਰਵਾ ਰਹੇ ਹਨ। ਆਪ ਨੇ ਭਗਵਾਨ ਮਹਾਵੀਰ ਦੀ ਸਾਧਨਾ ਦਾ ਪ੍ਰਚਾਰ ਆਤਮ ਧਿਆਨ ਕੋਰਸਾਂ ਰਾਹੀਂ ਹਜ਼ਾਰਾਂ ਸਾਧਕਾਂ ਨੂੰ ਕਰਵਾਇਆ ਹੈ।

ਸਾਡਾ ਪਰਮ ਸੁਭਾਗ ਹੈ ਕਿ ਆਪ ਦੇ ਮੁੱਖ ਚੇਲੇ ਮੰਤਰੀ ਸ਼੍ਰੀ ਸ਼ੁਰਿਸ਼ ਮੁਨੀ ਜੀ ਮਹਾਰਾਜ ਨੇ ਸਾਨੂੰ ਆਪ ਜੀ ਦੀ ਹਿੰਦੀ ਪੁਸ਼ਤਕ ਦਾ ਪੰਜਾਬੀ ਅਨੁਵਾਦ ਕਰਨ ਲਈ ਪ੍ਰੇਰਣਾ ਦਿੱਤੀ। ਸਾਨੂੰ ਆਸ ਹੈ ਕਿ ਸਾਡਾ ਇਹ ਅਨੁਵਾਦ ਪਾਠਕਾਂ ਨੂੰ ਪਸੰਦ ਆਵੇਗਾ। ਇਸ ਪੁਸ਼ਤਕ ਆਚਾਰਿਆ ਸ਼੍ਰੀ ਨੇ ਭਗਵਾਨ ਮਹਾਵੀਰ ਦਾ ਜੀਵਨ ਇਸ ਤਰ੍ਹਾਂ ਚਿੱਤਰਤ ਕੀਤਾ ਹੈ ਜਿਵੇਂ ਕਿਸੇ ਨੇ ਸਮੰਦਰ ਨੂੰ ਕੁੱਜੇ ਵਿੱਚ ਬੰਦ ਕਰ ਦਿੱਤਾ ਹੋਵੇ। ਪੁਸ਼ਤਕ ਵਿੱਚ ਰਹਿ ਗਈਆਂ ਤਰੁਟੀਆਂ ਲਈ ਅਸੀਂ ਪਾਠਕਾਂ ਤੋਂ ਮੁਆਫੀ ਚਾਹੁੰਦੇ ਹੋਏ ਆਸ ਕਰਦੇ ਹਾਂ ਕਿ ਉਹ ਤਰੁਟੀਆਂ ਵੱਲ ਸਾਡਾ ਧਿਆਨ ਦਿਵਾਉਣਗੇ ਤਾਂ ਕਿ ਭਵਿਖ ਵਿੱਚ ਸੁਧਾਰ ਕੀਤਾ ਜਾ ਸਕੇ।

10/11/2008

ਮਾਲੇਰਕੋਟਲਾ

ਸ਼ੁਭ ਚਿੰਤਕ

ਰਵਿੰਦਰ ਜੈਨ, ਪੁਰਸ਼ੋਤਮ ਜੈਨ